This question paper contains 3 printed pages]

*Your Roll No.* ..................................

**7551**

**B.A. (PROGRAMME)/I** **E-II**

PUNJABI LANGUAGE (A)—Paper I

(Advanced Punjabi)

*Time : 3 Hours* *Maximum Marks* : 100

*(Write your Roll No. on the top immediately on receipt of this question paper.)*

**ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉਪਰ 500 ਸ਼ਬਦਾਂ ਦਾ ਨਿਬੰਧ ਲਿਖੋ: 25

   (ੳ) ਮੇਰਾ ਮਨਭਾਉਂਦਾ ਲੇਖਕ

   (ਅ) ਵਿਸ਼ਵ ਸ਼ਾਂਤੀ

   (ੲ) ਵਿਦਿਆਰਥੀ ਜੀਵਨ

2. ਆਪਣੀ ਮਨਭਾਉਂਦੀ ਕਿਸੇ ਇਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 20

   **ਜਾਂ**

   ਆਪਣੇ ਮਨ-ਪਸੰਦ ਵਿਸ਼ੇ ਨਾਲ ਸੰਬੰਧਤ ਕੋਈ ਕਵਿਤਾ ਲਿਖੋ।

3. ਆਪਣੇ ਅਧਿਆਪਕ ਵਲੋਂ ਪੰਜਾਬੀ ਭਾਸ਼ਾ ਸੰਬੰਧੀ ਦਿੱਤੇ ਲੈਕਚਰ ਬਾਰੇ ਨੋਟਸ ਤਿਆਰ ਕਰੋ। 10

P.T.O.

4. (ੳ) ਵਿਸ਼ੇਸ਼ਣ ਕਿਸ ਨੂੰ ਆਖਦੇ ਹਨ? ਇਸ ਦੀਆਂ ਕਿਸਮਾਂ ਉਦਾਹਰਨਾਂ ਸਹਿਤ ਲਿਖੋ। 10

**ਜਾਂ**

ਹੇਠ ਲਿਖੇ ਨਾਂਵ ਸ਼ਬਦਾਂ ਦੇ ਵਿਸ਼ੇਸ਼ਣ ਬਣਾਓ:

ਗੁਲਾਈ, ਉੱਨ, ਆਲਸ, ਅਖੀਰ, ਆਗਿਆ, ਇਮਾਨ, ਗ਼ਰੀਬੀ, ਸੁੰਦਰਤਾ ਭਾਰਤ, ਜਿਸਮ

(ਅ) ਹੇਠ ਲਿਖੀ ਵਾਰਤਾ ਨੂੰ ਵਿਸਰਾਮ ਚਿੰਨ ਲਾ ਕੇ ਲਿਖੋ: 10

ਦੇਸ਼ ਦੀ ਵੰਡ ਸਮੇਂ ਹੋਈ ਮਾਰ-ਕਾਟ ਨੇ ਚਾਤ੍ਰਿਕ ਦਾ ਹਿਰਦਾ ਵਲੂੰਧਰ ਦਿੱਤਾ ਉਸ ਨੇ ਲਿਖਿਆ ਇਸ ਦੇ ਪਿੱਛੋਂ ਬੜਾ ਭਿਆਨਕ ਭਾਣਾ ਵਰਤਿਆ ਹਿੰਦੂ ਮੁਸਲਮਾਨ ਸਿੱਖ ਖੇਰੂੰ ਖੇਰੂੰ ਹੋ ਗਏ ਕਰੀਬ ਇਕ ਕਰੋੜ ਰੱਬ ਦੇ ਬੰਦੇ ਅਜੇ ਤੱਕ ਰੁਲਦੇ ਫਿਰਦੇ ਹਨ ਕੋਈ ਪੱਕਾ ਟਿਕਾਣਾ ਨਹੀਂ ਮਿਲਿਆ।

5. ਹੇਠ ਲਿਖੇ ਪੈਰੇ ਦਾ ਸਾਰ ਲਿਖੋ। ਢੁਕਵਾਂ ਸਿਰਲੇਖ ਵੀ ਦਿਓ। 15

ਅੱਜ-ਕੱਲ ਬਹੁਤ ਸਾਰੀ ਦੁਰਾਚਾਰੀ ਦਾ ਕਾਰਨ ਘਰੋਗੀ ਵਸੋਂ ਦਾ ਘਾਟਾ ਤੇ ਬਜ਼ਾਰੀ ਰਹਿਣੀ-ਬਹਿਣੀ ਦਾ ਵਾਧਾ ਹੈ। ਘਰ ਘਟ ਰਹੇ ਹਨ ਤੇ ਹੋਟਲ ਵਧ ਰਹੇ ਹਨ। ਲੋਕੀਂ ਘਰ ਦੇ ਸਦਾਚਾਰੀ ਜੀਵਨ ਨੂੰ ਜਾਣਦੇ ਹੋਏ, ਬਾਲ-ਬੱਚੇ ਤੇ ਤੀਵੀਂ ਨਾਲ ਜੀਵਨ ਬਿਤਾਉਣ ਦੀ ਥਾਂ, ਕਲੱਬਾਂ ਤੇ ਹੋਟਲਾਂ ਦੀ

ਰਹਿਣੀ-ਬਹਿਣੀ ਨੂੰ ਵਧੇਰੇ ਪਸੰਦ ਕਰਦੇ ਹਨ। ਇਸ ਦਾ ਸਿੱਟਾ ਨਿੱਕਲ ਰਿਹਾ ਹੈ ਕਿ ਲੋਕਾਂ ਵਿਚੋਂ ਉਹ ਘਰੋਗੀ ਜ਼ਿੰਮੇਵਾਰੀ, ਉਹ ਬਹਾਦਰੀ ਵਾਲੀ ਸ਼ਰਾਫ਼ਤ ਅਤੇ ਉਹ ਮਿੱਠਤ ਤੇ ਨਿਮਰਤਾ ਵਾਲੇ ਗੁਣ ਘਟ ਰਹੇ ਹਨ, ਜੋ ਕੇਵਲ ਘਰੋਗੀ ਜੀਵਨ 'ਤੋਂ ਉਪਜਦੇ ਹਨ। ਇਸਤਰੀ ਤੇ ਬੱਚਿਆਂ ਵਿਚ ਕੇਵਲ ਇਤਨੀ ਦਿਲਚਸਪੀ ਦੱਸੀ ਜਾਂਦੀ ਹੈ, ਜਿਤਨੀ ਕਿ ਉਨ੍ਹਾਂ ਨੂੰ ਘਰ 'ਤੋਂ ਬਾਹਰ ਲੋਕਾਂ ਦੇ ਸਾਹਮਣੇ, ਸ਼ੂਕੇ ਬਾਂਕੇ ਬਣਾ ਕੇ ਵਿਖਉਣ ਜੋਗਾ ਬਣਾ ਦੇਵੇ। ਇਹ ਬਹੁਤ ਘੱਟ ਵੇਖਿਆ ਜਾਂਦਾ ਹੈ ਕਿ ਘਰ ਦਾ ਮਾਲਕ ਆਪਣੇ ਘਰ ਦੇ ਬੱਚਿਆਂ ਲਈ ਕੋਈ ਦਿਮਾਗੀ, ਸਦਾਚਾਰਕ ਜਾਂ ਆਤਮਕ ਉੱਨਤੀ ਵਾਲੇ ਸਾਧਨ ਇਕੱਠੇ ਕਰਦਾ ਹੋਵੇ ਜਾਂ ਖੇਡਾਂ, ਪੁਸਤਕਾਂ, ਤਮਾਸ਼ੇ ਜਾਂ ਧਾਰਮਕ ਸਿੱਖਿਆ ਦੇ ਸਮਾਨ ਵਧਾਉਣ ਦਾ ਜਤਨ ਕਰਦਾ ਹੋਵੇ।

6. ਹੇਠ ਲਿਖੇ ਅਗੇਤਰ ਪਿਛੇਤਰ ਵਰਤ ਕੇ ਸ਼ਬਦ ਬਣਾਓ ਅਤੇ ਉਨ੍ਹਾਂ ਸ਼ਬਦਾਂ ਨੂੰ ਵਾਕਾਂ ਵਿਚ ਵੀ ਵਰਤੋ: 10

ਆਲਾ, ਸ਼ਾਲਾ, ਪਰ, ਮੰਦ, ਅਣ